# ਪ੍ਰਧਾਨ ਮੰਤਰੀ ਦੀ ਕਵਾਡ ਨੇਤਾਵਾਂ ਦੇ ਸੰਮੇਲਨ ਵਿੱਚ ਭਾਗੀਦਾਰੀ

20 ਮਈ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 20 ਮਈ 2023 ਨੂੰ ਜਾਪਾਨ ਦੇ ਹੀਰੋਸ਼ੀਮਾ ਵਿੱਚ ਤੀਜੇ ਵਿਅਕਤੀਗਤ ਕਵਾਡ ਨੇਤਾ ਸੰਮੇਲਨ ਵਿੱਚ, ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼, ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ ਅਤੇ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਜੋਸੇਫ ਬਿਡੇਨ ਦੇ ਨਾਲ ਹਿੱਸਾ ਲਿਆ।

ਨੇਤਾਵਾਂ ਨੇ ਹਿੰਦ-ਪ੍ਰਸ਼ਾਂਤ ਵਿਕਾਸ ਬਾਰੇ ਉਸਾਰੂ ਵਾਰਤਾਲਾਪ ਕੀਤੀ ਜਿਸ ਨੇ ਉਨ੍ਹਾਂ ਦੇ ਸਾਂਝੇ ਜਮਹੂਰੀ ਮੁੱਲਾਂ ਅਤੇ ਰਣਨੀਤਕ ਹਿੱਤਾਂ ਦੀ ਪੁਸ਼ਟੀ ਕੀਤੀ। ਆਜ਼ਾਦ, ਖੁੱਲ੍ਹੇ ਅਤੇ ਸੰਮਲਿਤ ਹਿੰਦ-ਪ੍ਰਸ਼ਾਂਤ ਲਈ ਆਪਣੇ ਨਜ਼ਰੀਏ ਤੋਂ ਸੇਧਿਤ, ਉਨ੍ਹਾਂ ਨੇ ਪ੍ਰਭੂਸੱਤਾ, ਖੇਤਰੀ ਅਖੰਡਤਾ ਅਤੇ ਵਿਵਾਦਾਂ ਦੇ ਸ਼ਾਂਤੀਪੂਰਨ ਹੱਲ ਦੇ ਸਿਧਾਂਤਾਂ ਨੂੰ ਬਰਕਰਾਰ ਰੱਖਣ ਦੀ ਮਹੱਤਤਾ ਨੂੰ ਦੁਹਰਾਇਆ। ਇਸ ਸੰਦਰਭ ਵਿੱਚ ਉਨ੍ਹਾਂ ਨੇ ਕਵਾਡ ਲੀਡਰਜ਼ ਵਿਜ਼ਨ ਸਟੇਟਮੈਂਟ –'ਹਿੰਦ-ਪ੍ਰਸ਼ਾਂਤ ਲਈ ਸਥਾਈ ਭਾਈਵਾਲ' ਨੂੰ ਜਾਰੀ ਕੀਤਾ ਜੋ ਉਨ੍ਹਾਂ ਦੀ ਸਿਧਾਂਤਕ ਪਹੁੰਚ ਨੂੰ ਸਪੱਸ਼ਟ ਕਰਦਾ ਹੈ।

ਹਿੰਦ-ਪ੍ਰਸ਼ਾਂਤ ਦੀ ਲਚਕਤਾ ਅਤੇ ਖੁਸ਼ਹਾਲੀ ਨੂੰ ਮਜ਼ਬੂਤ ਕਰਨ ਲਈ ਨੇਤਾਵਾਂ ਨੇ ਹੇਠ ਲਿਖੀਆਂ ਪਹਿਲਕਦਮੀਆਂ ਦੀ ਘੋਸ਼ਣਾ ਕੀਤੀ ਜੋ ਖੇਤਰ ਦੀਆਂ ਵਿਕਾਸ ਤਰਜੀਹਾਂ ਦੀਆਂ ਪੂਰਕ ਹੋਣਗੀਆਂ:

1. ਸ਼ੁੱਧ ਊਰਜਾ ਪੂਰਤੀ ਚੇਨ ਸਬੰਧੀ ਪਹਿਲ ਜੋ ਕਿ ਖੋਜ ਅਤੇ ਵਿਕਾਸ ਦੀ ਸਹੂਲਤ ਦੇਵੇਗੀ ਅਤੇ ਹਿੰਦ-ਪ੍ਰਸ਼ਾਂਤ ਊਰਜਾ ਪਰਿਵਰਤਨ ਦਾ ਸਮਰਥਨ ਕਰੇਗੀ। ਇਸ ਤੋਂ ਇਲਾਵਾ ਸ਼ੁੱਧ ਊਰਜਾ ਪੂਰਤੀ ਚੇਨ ਦੇ ਵਿਕਾਸ ਖੇਤਰ ਨਾਲ ਸਬੰਧਤ ਕਾਰਜਾਂ ਦੇ ਮਾਰਗਦਰਸ਼ਨ ਲਈ ਸ਼ੁੱਧ ਊਰਜਾ ਪੂਰਤੀ ਚੇਨ ਦੇ ਕਵਾਡ ਸਿਧਾਂਤਾਂ ਨੂੰ ਮਨਜ਼ੂਰੀ ਦਿੱਤੀ।

2. ਖੇਤਰ ਦੇ ਨੀਤੀ ਨਿਰਮਾਤਾਵਾਂ ਅਤੇ ਅਭਿਆਸ ਕਰਤਾਵਾਂ ਨੂੰ ਉਨ੍ਹਾਂ ਦੇ ਦੇਸ਼ਾਂ ਵਿੱਚ ਟਿਕਾਊ ਅਤੇ ਵਿਵਹਾਰਕ ਬੁਨਿਆਦੀ ਢਾਂਚੇ ਨੂੰ ਡਿਜ਼ਾਈਨ ਕਰਨ, ਬਣਾਉਣ ਅਤੇ ਪ੍ਰਬੰਧਨ ਦੇ ਸਮਰਥਨ ਲਈ 'ਕਵਾਡ ਇਨਫਰਾਸਟ੍ਰਕਚਰ ਫੈਲੋਸ਼ਿਪ ਪ੍ਰੋਗਰਾਮ' 'ਤੇ ਸਹਿਮਤੀ ਹੋਈ।

3. ਇਨ੍ਹਾਂ ਨਾਜ਼ੁਕ ਨੈੱਟਵਰਕਾਂ ਦੀ ਸੁਰੱਖਿਆ ਅਤੇ ਵਿਭਿੰਨਤਾ ਲਈ ਡਿਜ਼ਾਇਨ, ਨਿਰਮਾਣ, ਵਿਛਾਉਣ ਅਤੇ ਸਮੁੰਦਰ ਦੇ ਹੇਠਾਂ ਕੇਬਲਾਂ ਦੇ ਰੱਖ-ਰਖਾਅ ਵਿੱਚ ਕਵਾਡ ਦੀ ਸਮੂਹਿਕ ਮੁਹਾਰਤ ਦਾ ਲਾਭ ਉਠਾਉਣ ਲਈ 'ਕੇਬਲ ਕਨੈਕਟੀਵਿਟੀ ਅਤੇ ਲਚਕੀਲੇਪਨ ਲਈ ਸਾਂਝੇਦਾਰੀ' ਬਣੀ।

4. ਪ੍ਰਸ਼ਾਂਤ ਖੇਤਰ ਵਿੱਚ ਪਹਿਲੀ ਵਾਰ ਪਲਾਊ ਵਿੱਚ ਇੱਕ ਛੋਟੇ ਪੈਮਾਨੇ ਦੀ ਓਆਰਏਐੱਨ ਤੈਨਾਤੀ ਲਈ ਕਵਾਡ ਸਮਰਥਨ। ਉਨ੍ਹਾਂ ਨੇ ਓਪਨ, ਆਪਸੀ ਮੇਲ ਵਾਲੇ ਅਤੇ ਸੁਰੱਖਿਅਤ ਟੈਲੀਕਾਮ ਪਲੇਟਫਾਰਮਾਂ ਵਿੱਚ ਉਦਯੋਗ ਦੇ ਨਿਵੇਸ਼ ਦਾ ਸਮਰਥਨ ਕਰਨ ਲਈ ਓਆਰਏਐੱਨ ਨੂੰ ਸੁਰੱਖਿਆ ਰਿਪੋਰਟ ਵੀ ਜਾਰੀ ਕੀਤੀ।

5. ਕਵਾਡ ਨਿਵੇਸ਼ਕ ਨੈੱਟਵਰਕ ਨੂੰ ਰਣਨੀਤਕ ਤਕਨਾਲੋਜੀਆਂ ਵਿੱਚ ਨਿਵੇਸ਼ ਦੀ ਸਹੂਲਤ ਲਈ ਇੱਕ ਨਿੱਜੀ ਖੇਤਰ ਦੀ ਅਗਵਾਈ ਵਾਲੇ ਪਲੇਟਫਾਰਮ ਵਜੋਂ ਲਾਂਚ ਕੀਤਾ ਗਿਆ ਹੈ।

6. ਨੇਤਾਵਾਂ ਨੇ ਪਿਛਲੇ ਸਾਲ ਟੋਕੀਓ ਵਿੱਚ ਆਪਣੇ ਸਿਖਰ ਸੰਮੇਲਨ ਵਿੱਚ ਘੋਸ਼ਿਤ ਕੀਤੇ ਗਏ ਸਮੁੰਦਰੀ ਡੋਮੇਨ ਜਾਗਰੂਕਤਾ ਲਈ ਹਿੰਦ-ਪ੍ਰਸ਼ਾਂਤ ਭਾਈਵਾਲੀ ਦੀ ਪ੍ਰਗਤੀ ਦਾ ਸੁਆਗਤ ਕੀਤਾ। ਉਹਨਾਂ ਨੇ ਜ਼ਿਕਰ ਕੀਤਾ ਕਿ ਇਸ ਪ੍ਰੋਗਰਾਮ ਦੇ ਤਹਿਤ ਦੱਖਣ ਪੂਰਬ ਅਤੇ ਪ੍ਰਸ਼ਾਂਤ ਵਿੱਚ ਭਾਈਵਾਲਾਂ ਨਾਲ ਅੰਕੜਿਆਂ ਦਾ ਸਾਂਝਾਕਰਨ ਚੱਲ ਰਿਹਾ ਹੈ ਅਤੇ ਜਲਦੀ ਹੀ ਹਿੰਦ ਮਹਾਸਾਗਰ ਖੇਤਰ ਵਿੱਚ ਭਾਗੀਦਾਰਾਂ ਨੂੰ ਸ਼ਾਮਲ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਉਜਾਗਰ ਕੀਤਾ ਕਿ ਕਿਵੇਂ ਖੇਤਰ ਦੇ ਨਾਲ ਮੰਗ-ਅਧਾਰਿਤ ਵਿਕਾਸ ਸਹਿਯੋਗ ਲਈ ਭਾਰਤ ਦੀ ਪਹੁੰਚ ਇਹਨਾਂ ਯਤਨਾਂ ਵਿੱਚ ਯੋਗਦਾਨ ਪਾ ਰਹੀ ਹੈ।

ਨੇਤਾਵਾਂ ਨੇ ਸੰਯੁਕਤ ਰਾਸ਼ਟਰ, ਇਸਦੇ ਚਾਰਟਰ ਅਤੇ ਇਸਦੀਆਂ ਏਜੰਸੀਆਂ ਦੀ ਅਖੰਡਤਾ ਨੂੰ ਸੁਰੱਖਿਅਤ ਰੱਖਣ ਦੀ ਜ਼ਰੂਰਤ 'ਤੇ ਸਹਿਮਤੀ ਪ੍ਰਗਟਾਈ। ਉਹ ਸਥਾਈ ਅਤੇ ਗੈਰ-ਸਥਾਈ ਦੋਵਾਂ ਸ਼੍ਰੇਣੀਆਂ ਵਿੱਚ ਯੂਐਨਐੱਸਸੀ ਮੈਂਬਰਸ਼ਿਪ ਦੇ ਵਿਸਤਾਰ ਸਮੇਤ ਬਹੁ-ਪੱਖੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਸੁਧਾਰਨ ਲਈ ਆਪਣੇ ਯਤਨਾਂ ਨੂੰ ਜਾਰੀ ਰੱਖਣ 'ਤੇ ਸਹਿਮਤ ਹੋਏ।

ਪ੍ਰਧਾਨ ਮੰਤਰੀ ਨੇ ਕਵਾਡ ਦੇ ਉਸਾਰੂ ਏਜੰਡੇ ਨੂੰ ਮਜ਼ਬੂਤ ਕਰਨ ਅਤੇ ਖੇਤਰ ਲਈ ਠੋਸ ਨਤੀਜੇ ਦੇਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਨੇਤਾਵਾਂ ਨੇ ਆਪਣੀ ਨਿਯਮਤ ਗੱਲਬਾਤ ਜਾਰੀ ਰੱਖਣ ਅਤੇ ਕਵਾਡ ਰੁਝੇਵਿਆਂ ਦੀ ਗਤੀ ਨੂੰ ਬਰਕਰਾਰ ਰੱਖਣ ਲਈ ਸਹਿਮਤੀ ਦਿੱਤੀ। ਇਸ ਸੰਦਰਭ ਵਿੱਚ ਪ੍ਰਧਾਨ ਮੰਤਰੀ ਨੇ 2024 ਵਿੱਚ ਅਗਲੇ ਕਵਾਡ ਸੰਮੇਲਨ ਲਈ ਕਵਾਡ ਨੇਤਾਵਾਂ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ।

**ਹੀਰੋਸ਼ੀਮਾ**

**20 ਮਈ, 2023**